email done

281
01/06/2022

4013
1 JUN 2022

ਪੰਜਾਬ ਸਰਕਾਰ
ਜਲ ਸਰੋਤ ਵਿਭਾਗ
(ਸਿੰਚਾਈ ਪ੍ਰਸੋਨਲ-3 ਸ਼ਾਖਾ)

ਸੇਵਾ ਵਿਖੇ,

| ਲੜੀ ਨੰ: | ਉਮੀਦਵਾਰ ਦਾ ਨਾਮ ਅਤੇ ਪਿਤਾ ਦਾ ਨਾਮ ਸਰਵ ਸ੍ਰੀ/ਸ੍ਰੀਮਤੀ | ਰੋਲ ਨੰ: | ਕੈਟਾਗਰੀ | ਕੰਬਾਇੰਡ ਮੈਰਿਟ | ਘਰ ਦਾ ਪਤਾ |
|---|---|---|---|---|---|
| JUNIOR ENGINEER MECHANICAL | | | | | |
| 1 | ਰਨਦੀਪ ਸਿੰਘ ਪੁੱਤਰ ਅਰਬਲ ਸਿੰਘ | 17951 | ਜਨਰਲ | 2 | H.NO. 176, SECTOR 70, MATTAUR, MOHALI, PUNJAB, MOHALI, PUNJAB, 160071. |
| 2 | ਸੰਦੀਪ ਸਿੰਘ ਪੁੱਤਰ ਹਰਭਜਨ ਸਿੰਘ | 18044 | ਜਨਰਲ | 3 | VILLAGE NADALI, P.O. JAID, TEHSIL BHOLATH, KAPURTHALA, PUNJAB, 144621. |
| 3 | ਅੰਕਿਤ ਕੁਮਾਰ ਪੁੱਤਰ ਉਪਿੰਦਰ ਸਿੰਘ | 17122 | ਜਨਰਲ | 4 | HOUSE NO B29,458/19 GIASPURA POST OFFICE DHANDARI KALAN,LUDHIANA 1, LUDHIANA, 141014. |
| 4 | ਨਿਖਿਲ ਗਰਗ ਪੁੱਤਰ ਸਤੀਸ਼ ਕੁਮਾਰ ਗਰਗ | 17769 | ਜਨਰਲ | 5 | 21588 STREET 6 BY 1 A POWER HOUSE ROAD, BATHINDA, PUNJAB, 151001. |
| 5 | ਸੁਖਰਾਜ ਸਿੰਘ ਵਿਰਕ ਪੁੱਤਰ ਭਾਗ ਸਿੰਘ ਵਿਰਕ | 18123 | ਜਨਰਲ | 7 | VILLAGE ASSAL, POST OFFICE-FEROZEPUR CITY, FEROZEPUR, PUNJAB, 152002. |
| 6 | ਨਿਤਿਨ ਗਰਗ ਪੁੱਤਰ ਵਿਜੈ ਕੁਮਾਰ ਗਰਗ | 17774 | ਜਨਰਲ | 8 | LALLUANA ROAD,DR.CHIMAN STREET WARD NO.9 HOUSE NO.74, MANSA, PUNJAB, 151505. |
| 7 | ਦਿਲਪ੍ਰੀਤ ਸਿੰਘ ਪੁੱਤਰ ਤਜਿੰਦਰ ਸਿੰਘ | 17275 | ਜਨਰਲ | 9 | H.NO-762,S.S.T NAGAR,PATIALA, PATIALA, PUNJAB, 147001. |
| 8 | ਅਨੁਰਾਗ ਧਿਆਨੀ ਪੁੱਤਰ ਵਿਪਿਨ ਧਿਆਨੀ | 17135 | ਜਨਰਲ | 10 | H.NO.62/1 SECTOR 41A, CHANDIGARH, CHANDIGARH (UT), 160036. |
| 9 | ਤਰਨਦੀਪ ਸਿੰਘ ਅਰੋੜਾ ਪੁੱਤਰ ਜਸਬੀਰ ਸਿੰਘ ਅਰੋੜਾ | 18167 | ਜਨਰਲ | 11 | HOUSE NO. 2337/3 SECTOR 45-C CHANDIGARH, CHANDIGARH, CHANDIGARH (UT), 160047. |
| 10 | ਹਰਕਨਵਲ ਸਿੰਘ ਪੁੱਤਰ ਮੇਜਰ ਸਿੰਘ | 17421 | ਜਨਰਲ | 12 | HNO. 16 TYPE 5 POWER COLONY RUPNAGAR, RUPNAGAR, PUNJAB, 140001. |
| 11 | ਵਿਸ਼ਾਲ ਪੰਚਾਲ ਪੁੱਤਰ ਬਲਵੰਤ ਰਾਏ | 18228 | ਜਨਰਲ | 13 | H.No. 4988/4 STREET NO 4 JAGJIT NAGAR, RUPNAGAR, PUNJAB, 140001. |
| 12 | ਮਨਜੀਤ ਸਿੰਘ ਪੁੱਤਰ ਸੁਖਬੀਰ ਸਿੰਘ | 17672 | ਜਨਰਲ | 14 | HOUSE NO.370, VILL. KAPIAL, BHWANIGARH, PUNJAB, 148026. |
| 13 | ਵਿਕਰਮ ਬਰਾੜ ਪੁੱਤਰ ਕਸਮੀਰੀ ਲਾਲ | 18203 | ਜਨਰਲ | 15 | VPO INDACHHOI TEH TOHANA, TOHANA, HARYANA, 125120. |
| 14 | ਰਕਸ਼ਿਤ ਚੋਧਰੀ ਪੁੱਤਰ ਸੁਰਿੰਦਰ ਪਾਲ ਸਿੰਘ | 17931 | ਜਨਰਲ | 16 | J 201 VICTORIA HEIGHTS PEER MUCHHALA, ZIRAKPUR, PUNJAB, 140603. |

Emm-I

| | | | | | |
|---|---|---|---|---|---|
| 15 | ਅਕਸ਼ੈ ਕੁਮਾਰ ਯਾਦਵ ਪੁੱਤਰ ਆਸ਼ੂ ਕੁਮਾਰ ਯਾਦਵ | 17046 | ਜਨਰਲ | 17 | V.P.O. RATHRIAN, TEHSIL -MALOUT, DISTRICT - MUKTSAR, MALOUT, PUNJAB, 152114. |
| 16 | ਗੁਰਜੋਬਨ ਸਿੰਘ ਪੁੱਤਰ ਗੁਰਦੀਪ ਸਿੰਘ | 17343 | ਜਨਰਲ | 18 | NEW GREATER KAILASH BACKSIDE BASRA FARM, BATALA, PUNJAB, 143505. |
| 17 | ਦਵਿੰਦਰ ਕੁਮਾਰ ਪੁੱਤਰ ਰਾਮ ਪ੍ਰਤਾਪ | 17247 | ਜਨਰਲ | 19 | SARABHA NAGAR, HOUSE NO. 96, STREET NO. 2, MALOUT, PUNJAB, 152107. |
| 18 | ਸੰਦੀਪ ਪ੍ਰਸ਼ਾਦ ਪੁੱਤਰ ਨਰਾਇਣ ਦੱਤ | 18039 | ਜਨਰਲ | 20 | H.NO-143/C POLICE LINE CIVIL LINE NEAR DANDI SWAMI ROAD, LUDHIANA, PUNJAB, 141001. |
| 19 | ਰੋਹਿਤ ਕੁਮਾਰ ਪੁੱਤਰ ਪ੍ਰੇਮ ਲਾਲ | 17994 | ਜਨਰਲ | 21 | MANJPUR ROAD, VPO. BHANGALA, MUKERIAN, PUNJAB, 144306. |
| 20 | ਘਣਸ਼ਾਮ ਗੋਇਲ ਪੁੱਤਰ ਸੰਤੋਸ਼ ਕੁਮਾਰ | 17320 | ਜਨਰਲ | 22 | MR. SANTOSH KUMAR, WARD NO. 17B/127A, AGGARWAL STREET, NEAR STATE BANK OF INDIA, DHURI, PUNJAB, 148024. |
| 21 | ਅਨਿਲ ਕੁਮਾਰ ਪੁੱਤਰ ਬਿਕਰਮਜੀਤ | 17113 | ਜਨਰਲ | 23 | VPO RAMSARA, TEH- ABOHAR, ABOHAR, PUNJAB, 152116. |
| 22 | ਹਰਪ੍ਰੀਤ ਸਿੰਘ ਪੁੱਤਰ ਜਸਪਾਲ ਸਿੰਘ | 17446 | ਜਨਰਲ | 24 | VPO. RAUNI, TEHSIL PAYAL, PUNJAB, 141415. |
| ESM/LDESM | | | | | |
| 23 | ਜਗਪ੍ਰੀਤ ਸਿੰਘ ਪੁੱਤਰ ਗੁਰਦਿਆਲ ਸਿੰਘ | 17511 | ESM | 94 | VILL MEHROLI PO MANGEWAL, ANANDPUR SAHIB, PUNJAB, 140123. |
| 24 | ਸੁਨੀਲ ਸ਼ਰਮਾ ਪੁੱਤਰ ਅਸ਼ਵਨੀ ਕੁਮਾਰ | 18136 | LDESM | 37 | V.P.O. GHAGWAL, BLOCK- HAJIPUR , TEHSIL- MUKERIAN, HOSHIARPUR, PUNJAB, 144221. |
| 25 | ਨਿਤਪ੍ਰੀਤ ਰੰਧਾਵਾ ਪੁੱਤਰ ਜਗਜੀਤ ਸਿੰਘ | 17778 | LDESM | 127 | VPO MIMSA,TEH.DHURI,DISTT. SANGRUR, DHURI, PUNJAB, 148024. |
| FREEDOM FIGHTER | | | | | |
| 26 | ਵਿਕਰਮਪ੍ਰੀਤ ਸਿੰਘ ਪੁੱਤਰ ਬਚਿੱਤਰ ਸਿੰਘ | 18209 | ਫਰੀਡਮ ਫਾਈਟਰ | 121 | HOUSE 70 STREET 3E DEEP NAGAR PATIALA, PATIALA, PUNJAB, 147001. |
| SC (OTHERS) | | | | | |
| 27 | ਅਮਰਿੰਦਰ ਸਿੰਘ ਪੁੱਤਰ ਨਿਰਮਲ ਸਿੰਘ | 17095 | ਐਸ.ਸੀ. ਅਦਰਜ | 56 | 13 C NEELIMA VIHAR VILLAGE CHAURA, PATIALA, PUNJAB, 147002. |
| 28 | ਬਲਕਰਨ ਸਿੰਘ ਪੁੱਤਰ ਬਲਦੇਵ ਸਿੰਘ | 17201 | ਐਸ.ਸੀ. ਅਦਰਜ | 62 | H NO 26427 MEHNA BASTI ST NO 6 VIA AMARPURA BASTI ST NO 3, BATHINDA, PUNJAB, 151005. |
| 29 | ਗੁਰਲਾਲ ਸਿੰਘ ਪੁੱਤਰ ਗੁਰਮੇਲ ਸਿੰਘ | 17346 | ਐਸ.ਸੀ. ਅਦਰਜ | 73 | #300, WARD NO 4 ,NEAR GOVT. SCHOOL ,VPO KOT FATTA, KOT FATTA, PUNJAB, 151101 |
| 30 | ਰਘਬੀਰ ਸਿੰਘ ਪੁੱਤਰ ਨਿਰਪਾਲ ਸਿੰਘ | 17871 | ਐਸ.ਸੀ. ਅਦਰਜ | 76 | SHIVAM COLONY STREET NO.3 SANGRUR, SANGRUR, PUNJAB, 148001. |
| 31 | ਗੁਰਪ੍ਰੀਤ ਸਿੰਘ ਪੁੱਤਰ ਰਾਮ ਸਿੰਘ | 17375 | ਐਸ.ਸੀ. ਅਦਰਜ | 82 | MCB Z-7-11136 BIR ROAD STREET NO-8, BATHINDA, PUNJAB, 151001. |
| BALMIKI - MAZHBI SIKH | | | | | |
| 32 | ਸੁਖਚੈਨ ਸਿੰਘ ਪੁੱਤਰ ਜਸਵਿੰਦਰ ਸਿੰਘ | 18115 | B&M sikh | 102 | VILL GHAGGAR SARAI PO SHAMBHU TEH RAJPURA DISTT PATIALA, RAJPURA, PUNJAB, 140417. |

| | | | | | |
|---|---|---|---|---|---|
| 33 | ਪਰਮਿੰਦਰ ਸਿੰਘ ਪੁੱਤਰ ਚਰਨਜੀਤ ਸਿੰਘ | 17812 | B&M sikh | 152 | HOUSE NO.- 16477, STREET NO.- 1/14 BABA FARID NAGAR, BATHINDA, PUNJAB, 151001. |
| BC | | | | | |
| 34 | ਲਵਪ੍ਰੀਤ ਸਿੰਘ ਪੁੱਤਰ ਜਸਵਿੰਦਰ ਸਿੰਘ | 17639 | ਬੀ.ਸੀ. | 35 | VILL RAGOWAL SAHARNA, TEH DASUYA, P/O SAGRAN, DASUYA, PUNJAB, 144205. |
| 35 | ਰਾਹੁਲ ਕੁਮਾਰ ਪੁੱਤਰ ਮੱਖਣ ਲਾਲ | 17886 | ਬੀ.ਸੀ. ਪੰਜਾਬ | 42 | HOUSE NUMBER-868,SURAJ NAGARUTTARI ZIRA ROAD MOGA, MOGA, PUNJAB, 142001. |
| 36 | ਰੁਪਿੰਦਰ ਸਿੰਘ ਪੁੱਤਰ ਦਰਸ਼ਨ ਸਿੰਘ | 18001 | ਬੀ.ਸੀ. ਪੰਜਾਬ | 44 | H.NO.20, WARD NO.1, BHIKHI, PUNJAB, 151504. |
| 37 | ਨਵਨੀਤ ਕੁਮਾਰ ਪੁੱਤਰ ਕਸ਼ਮੀਰ ਚੰਦ | 17760 | ਬੀ.ਸੀ. ਪੰਜਾਬ | 47 | HOUSE NO.176,SEC 70,MATTAUR,DISTRICT MOHALI,STATE PUNJAB, MOHALI, PUNJAB, 160071. |
| 38 | ਸ਼ਾਲੂ ਰਾਣੀ ਪੁੱਤਰੀ ਸੋਮ ਨਾਥ ਸ਼ਰਮਾ | 18080 | ਬੀ.ਸੀ. | 151 | H NO 277 OPP RAJA NARINDER SINGH STREET, NABHA, PUNJAB, 147201. |
| EWS | | | | | |
| 39 | ਕੇਸ਼ਵ ਗੁਪਤਾ ਪੁੱਤਰ ਸ੍ਰੀ ਰਮਨ ਕੁਮਾਰ ਗੁਪਤਾ | 17602 | EWS | 1 | WARD NO.- 9, LOHIAN KHAS TEHSIL-SHAHKOT DISTT- JALANDHAR, JALANDHAR, PUNJAB, 144629. |
| 40 | ਅਮਰਿੰਦਰ ਪਾਲ ਸਿੰਘ ਪੁੱਤਰ ਹਰਦੇਵ ਸਿੰਘ | 17092 | EWS | 6 | AMRINDER PAL SINGH SO HARDEV SINGH NEAR KHARA KHOO, RARH, PUNJAB, 151510. |
| 41 | ਸਾਹਿਲ ਕੁਮਾਰ ਪੁੱਤਰ ਸੁਰੇਸ਼ ਕੁਮਾਰ | 18018 | EWS | 28 | VPO MANDVI, TEHSIL MOONAK, DISTRICT SANGRUR, MANDVI, PUNJAB, 148027. |
| 42 | ਸੰਦੀਪ ਸਿੰਘ ਪੁੱਤਰ ਬਲਵਿੰਦਰ ਸਿੰਘ | 18042 | EWS | 48 | SANDEEP SINGH,VILLAGE AND POST OFFICE MARI BUCHIAN,TEHSIL BATALA, BATALA, PUNJAB, 143515. |
| 43 | ਸੰਗਮਦੀਪ ਸਿੰਘ ਪੁੱਤਰ ਰਾਮ ਸਿੰਘ | 18052 | EWS | 58 | VILLAGE SHERPUR PO SUNDER CHAK TEHSIL PATHANKOT, PATHANKOT, PUNJAB, 145025. |

ਮੀਮੋ ਨੰਬਰ: **11-HQ/238/2022-2IP3/1/363638/2022**

ਮਿਤੀ, ਚੰਡੀਗੜ੍ਹ: 20/05/2022

ਵਿਸ਼ਾ:- **ਜਲ ਸਰੋਤ ਵਿਭਾਗ ਪੰਜਾਬ ਵਿੱਚ ਜੂਨੀਅਰ ਇੰਜੀਨੀਅਰ (ਮਕੈਨੀਕਲ), ਦੇ ਤੌਰ ਤੇ ਨਿਯੁਕਤੀ ਦੀ ਪੇਸ਼ਕਸ਼।**

******

ਪੰਜਾਬ ਜਲ ਸਰੋਤ ਵਿਭਾਗ ਜੂਨੀਅਰ ਇੰਜੀਨੀਅਰ (ਗਰੁੱਪ-ਬੀ) ਸੇਵਾ ਨਿਯਮਾਂਵਲੀ, 2021 ਦੀਆਂ ਤਜਵੀਜਾਂ ਦੀ ਪਾਲਣਾ ਕਰਦਿਆ ਹੋਇਆ ਪੰਜਾਬ ਸਰਕਾਰ ਨੂੰ ਸਕੱਤਰ, ਪੰਜਾਬ ਪਬਲਿਕ ਸਰਵਿਸ ਕਮਿਸ਼ਨ, ਪਟਿਆਲਾ ਵੱਲੋਂ ਭੇਜੀਆਂ ਗਈਆਂ ਸਿਫਾਰਸ਼ਾ ਦੇ ਆਧਾਰ ਤੇ ਤੁਹਾਨੂੰ ਜਲ ਸਰੋਤ ਵਿਭਾਗ ਵਿੱਚ ਬਤੌਰ ਜੂਨੀਅਰ ਇੰਜੀਨੀਅਰ (ਮਕੈਨੀਕਲ) ਦੀ ਅਸਥਾਈ ਅਸਾਮੀ ਤੇ ਵਿੱਤ ਵਿਭਾਗ ਵੱਲੋਂ ਜਾਰੀ ਪੱਤਰ ਨੰਬਰ 7/87/2020-5FP1/1145 ਮਿਤੀ 29.10.2020 ਅਨੁਸਾਰ Minimum Pay Admissible ਰੁ: 35400/- (Pay Matrix Level-6) ਦੇ ਤਨਖਾਹ ਸਕੇਲ ਵਿੱਚ ਨਿਮਨ ਲਿਖਤ ਸ਼ਰਤਾਂ ਉੱਤੇ ਨਿਯੁਕਤੀ ਦੇਣ ਦੀ ਪੇਸ਼ਕਸ਼ ਕੀਤੀ ਜਾਂਦੀ ਹੈ:-

1. ਆਪ ਦੀ ਸੇਵਾਵਾਂ ਪੰਜਾਬ ਜਲ ਸਰੋਤ ਵਿਭਾਗ ਜੂਨੀਅਰ ਇੰਜੀਨੀਅਰ ਸੇਵਾ (ਬੀ-ਗਰੁੱਪ) ਨਿਯਮਾਂਵਲੀ 2021, ਪੰਜਾਬ ਸਿਵਲ ਸੇਵਾਵਾਂ (ਜਨਰਲ ਅਤੇ ਕਾਮਨ ਕੰਡੀਸ਼ਨ ਆਫ ਸਰਵਿਸ) ਨਿਯਮ 1994 ਅਤੇ ਪੰਜਾਬ ਸਿਵਲ ਸੇਵਾਵਾਂ ਵਿੱਚ ਸਮੇਂ-ਸਮੇਂ ਸਿਰ ਕੀਤੀਆਂ ਹਦਾਇਤਾਂ ਤਹਿਤ ਹੋਵੇਗੀ।
2. ਤੁਹਾਨੂੰ ਛੇ ਮਹੀਨੇ ਦੇ ਸਮੇਂ ਲਈ ਸਿਖਲਾਈ ਕਰਨੀ ਹੋਵੇਗੀ, ਜਿਸ ਦਾ ਸਮਾਂ ਜ਼ਰੂਰਤ ਹੋਣ ਤੇ ਵਧਾਇਆ ਜਾਂ ਘਟਾਇਆ ਜਾ ਸਕਦਾ ਹੈ। ਸਿਖਲਾਈ ਦੇ ਸਮੇਂ ਦੌਰਾਨ ਅਤੇ ਬਾਅਦ ਵਿੱਚ ਆਪ ਦੀਆਂ ਸੇਵਾਵਾਂ ਤਾਂ ਹੀ ਜਾਰੀ ਰੱਖੀਆਂ ਜਾਣਗੀਆਂ, ਜੇਕਰ ਆਪ ਦਾ ਕੰਮ ਅਤੇ ਆਚਰਣ ਦੋਨੋਂ ਤਸੱਲੀਬਖਸ਼ ਪਾਏ ਜਾਣਗੇ ਨਹੀਂ ਤਾਂ ਬਿਨਾਂ ਨੋਟਿਸ ਜਾਰੀ ਕੀਤੇ ਆਪ ਦੀਆਂ ਸੇਵਾਵਾਂ ਸਮਾਪਤ ਕਰਨ ਦਾ ਸਰਕਾਰ ਨੂੰ ਹੱਕ ਹੋਵੇਗਾ।

3. ਤੁਹਾਨੂੰ 25/- ਰੁ: ਦੇ ਅਸਟਾਮ ਪੇਪਰ ਉੱਤੇ ਇਸ ਬਾਬਤ ਇੱਕ ਬਾਂਡ/ਅੰਡਰਟੇਕਿੰਗ ਉੱਤੇ ਹਸਤਾਖਰ ਕਰਨੇ ਹੋਣਗੇ ਕਿ ਸਿਖਲਾਈ ਖਤਮ ਹੋਣ ਉਪਰੰਤ ਤੁਹਾਨੂੰ ਘੱਟ ਤੋਂ ਘੱਟ ਦੋ ਸਾਲਾਂ ਲਈ ਪੰਜਾਬ ਜਲ ਸਰੋਤ ਵਿਭਾਗ ਵਿੱਚ ਸਰਵਿਸ ਕਰਨੀ ਹੋਵੇਗੀ, ਨਹੀਂ ਤਾਂ ਜੂਨੀਅਰ ਇੰਜੀਨੀਅਰਜ਼ ਦੀਆਂ ਸ਼ਰਤਾਂ ਵਿੱਚ ਤੁਹਾਨੂੰ ਸਿਖਲਾਈ ਉੱਤੇ ਕੀਤਾ ਜਾਣਾ ਵਾਲਾ ਖਰਚਾ ਸਰਕਾਰ ਨੂੰ ਵਾਪਿਸ ਕਰਨਾ ਹੋਵੇਗਾ ਅਤੇ ਇਸ ਦੇ ਨਾਲ ਇੱਕ ਮਹੀਨੇ ਦਾ ਨੋਟਿਸ ਜਾਂ ਉਸ ਦੇ ਬਦਲੇ ਤਨਖਾਹ ਵੀ ਅਦਾ ਕਰਨੀ ਹੋਵੇਗੀ। ਜੇਕਰ ਤੁਸੀਂ ਸਿਖਲਾਈ ਸਫਲਤਾ ਪੂਰਵਕ ਪੂਰੀ ਕਰਨ ਵਿੱਚ ਨਾਕਾਮ ਹੁੰਦੇ ਹੋ ਤਾਂ ਤੁਸੀ ਜਿੰਨੀ ਸਿਖਲਾਈ ਪੂਰੀ ਕੀਤੀ ਹੋਵੇ ਉਸ ਉੱਤੇ ਆਉਣ ਵਾਲੇ ਖਰਚੇ ਨੂੰ ਵਾਪਿਸ ਕਰਨਾ ਹੋਵੇਗਾ।
4. ਤੁਹਾਨੂੰ ਸਰਕਾਰ ਦੇ ਹੁਕਮਾਂ ਦੇ ਤਹਿਤ ਪੰਜਾਬ ਦੇ ਕਿਸੇ ਕੋਨੇ ਜਾਂ ਭਾਰਤ ਦੇ ਕਿਸੇ ਹੋਰ ਥਾਂ ਵਿੱਚ ਸਰਵਿਸ ਕਰਨ ਲਈ ਕਿਹਾ ਜਾ ਸਕਦਾ ਹੈ ਜਿਥੇ ਕਿ ਪੰਜਾਬ ਸਰਕਾਰ ਦੀ ਸਮਰੱਥ ਅਥਾਰਟੀ ਤੁਹਾਨੂੰ ਹੁਕਮ ਜਾਰੀ ਕਰ ਸਕਦੀ ਹੈ।
5. ਇਹ ਨਿਯੁਕਤੀ ਬਿਲਕੁੱਲ ਅਸਥਾਈ ਆਸਾਮੀ ਦੇ ਵਿਰੁੱਧ ਹੈ, ਜਿਸ ਦੇ ਕਿਸੇ ਵੀ ਸਮੇਂ ਖਤਮ ਹੋਣ ਦੀ ਸੰਭਾਵਨਾ ਹੈ ਅਤੇ ਆਪ ਨਾਲ ਪੱਕੀ ਨੌਕਰੀ ਦਾ ਕੋਈ ਇਕਰਾਰ ਨਹੀਂ ਹੈ। ਜਦੋਂ ਕਦੇ ਵੀ ਕੋਈ ਆਸਾਮੀ ਨਾ ਹੋਈ, ਜਿਸ ਦੇ ਵਿਰੁੱਧ ਆਪ ਨੂੰ ਕਾਇਮ ਮੁਕਾਮ ਤੌਰ ਤੇ ਰੱਖਿਆ ਜਾ ਸਕੇ ਤਾਂ ਆਪ ਨੂੰ ਬਿਨ੍ਹਾਂ ਕਿਸੇ ਨੋਟਿਸ ਦਿੱਤੇ ਨੌਕਰੀ ਤੋਂ ਹਟਾਇਆ ਜਾ ਸਕਦਾ ਹੈ, ਭਾਵੇਂ ਕਿ ਅਜਿਹਾ ਹੋਣ ਦੀ ਸੰਭਾਵਨਾ ਘੱਟ ਹੈ।
6. ਆਪ ਦਾ ਪਰਖਕਾਲ ਸਮਾਂ ਪ੍ਰਸੋਨਲ ਵਿਭਾਗ (ਪ੍ਰਸੋਨਲ ਪਾਲਿਸੀਜ਼-1 ਸ਼ਾਖਾ) ਦੀ ਨੋਟੀਫਿਕੇਸ਼ਨ ਨੰ: ਜੀ.ਐਸ.ਆਰ.56/ਕੰਨਸ./ਆਰਟ.309/ਏ.ਐਮ.ਡੀ.(18)/2016, ਮਿਤੀ 5-9-2016 ਅਨੁਸਾਰ 3 ਸਾਲ ਦਾ ਹੋਵੇਗਾ ਅਤੇ ਪ੍ਰਸੋਨਲ ਵਿਭਾਗ (ਪ੍ਰਸੋਨਲ ਪਾਲਿਸੀਜ਼-1 ਸ਼ਾਖਾ) ਵੱਲੋਂ ਸਮੇਂ ਸਮੇਂ ਤੇ ਕੀਤੀਆਂ ਜਾਣ ਵਾਲੀਆਂ ਤਰਮੀਮਾਂ ਵੀ ਆਪ ਤੇ ਲਾਗੂ ਹੋਣਗੀਆਂ। ਪਰਖਕਾਲ ਸਮੇਂ ਵਿੱਚ ਆਪ ਦਾ ਕੰਮ ਕਾਜ ਅਤੇ ਆਚਰਣ ਤਸੱਲੀਬਖਸ਼ ਨਾ ਹੋਣ ਦੀ ਸੂਰਤ ਵਿੱਚ ਆਪ ਦੀਆਂ ਸੇਵਾਵਾਂ ਬਿਨ੍ਹਾਂ ਕਿਸੇ ਨੋਟਿਸ ਖਤਮ ਕੀਤੀਆਂ ਜਾ ਸਕਦੀਆਂ ਹਨ।
7. ਜੇਕਰ ਆਪ ਨੇ ਕਿਸੇ ਮੌਕੇ ਜਲ ਸਰੋਤ ਵਿਭਾਗ ਵਿੱਚੋਂ ਆਪਣੀ ਨੌਕਰੀ ਤੋਂ ਅਸਤੀਫਾ ਦੇਣਾ ਹੋਵੇ, ਤਾਂ ਆਪ ਲਈ ਲਾਜ਼ਮੀ ਹੋਵੇਗਾ ਕਿ ਆਪ ਇੱਕ ਮਹੀਨੇ ਦਾ ਨੋਟਿਸ ਦੇਵੇ ਜਾਂ ਉਸ ਦੇ ਬਦਲੇ ਇੱਕ ਮਹੀਨੇ ਦੀ ਤਨਖਾਹ ਸਮੇਤ ਭੱਤਿਆਂ ਦੇ ਜਾਂ ਉਤਨੇ ਦਿਨਾਂ ਦੀ , ਜਿਤਨੇ ਦਿਨ 01 ਮਹੀਨੇ ਤੋਂ ਘੱਟ ਹੋਣਗੇ, ਤਨਖਾਹ ਸਮੇਤ ਭੱਤਿਆਂ ਦੇ ਜਮ੍ਹਾਂ ਕਰਵਾਈ ਜਾਵੇ। ਜੇਕਰ ਉਪਰੋਕਤ ਪੈਰਾ-1 ਵਿੱਚ ਦੱਸੇ ਕਾਰਨਾਂ ਤੋਂ ਛੁੱਟ ਕਿਸੇ ਹੋਰ ਕਾਰਨ ਕਰਕੇ ਆਪ ਨੂੰ ਨੌਕਰੀ ਤੋਂ ਜਵਾਬ ਦੇਣ ਦੀ ਤਜਵੀਜ਼ ਹੋਈ ਤਾਂ ਸਰਕਾਰ ਵੀ ਆਪ ਨੂੰ ਅਜਿਹਾ ਨੋਟਿਸ ਦੇਵੇਗੀ ਜਾਂ ਜਿਤਨੇ ਦਿਨ ਮਹੀਨੇ ਤੋਂ ਘੱਟ ਹੋਣਗੇ, ਉਤਨੇ ਦਿਨਾਂ ਦੀ ਤਨਖਾਹ ਸਮੇਤ ਭੱਤਿਆਂ ਦੇ ਦੇਵੇਗੀ, ਪਰੰਤੂ ਦੁਰਾਚਾਰ ਦੀ ਸੂਰਤ ਵਿੱਚ ਆਪ ਨੂੰ ਨੌਕਰੀ ਤੋਂ ਹਟਾਉਣ ਤੋਂ ਪਹਿਲਾਂ ਨਿਯਮਾਂ/ਹਦਾਇਤਾਂ ਅਨੁਸਾਰ ਆਪਣੀ ਸਫਾਈ ਪੇਸ਼ ਕਰਨ ਦਾ ਯੋਗ ਮੌਕਾ ਦਿੱਤਾ ਜਾਵੇਗਾ ਅਤੇ ਅਜਿਹੀ ਸਥਿਤੀ ਵਿੱਚ ਇੱਕ ਮਹੀਨੇ ਦੇ ਨੋਟਿਸ ਵਾਲੀ ਸ਼ਰਤ ਲਾਗੂ ਨਹੀਂ ਹੋਵੇਗੀ।
8. ਆਪ ਦੀ ਨਿਯੁਕਤੀ ਪੰਜਾਬ ਸਰਕਾਰ ਦੇ ਨੋਟੀਫਿਕੇਸ਼ਨ ਨੰ:8/1/2004-3ਐਫ.ਪੀ.2/2078, ਮਿਤੀ 2 ਮਾਰਚ, 2004 ਦੇ ਸਨਮੁੱਖ ਸਰਕਾਰ ਵੱਲੋਂ ਲਾਗੂ ਕੀਤੀ ਗਈ ਨਵੀਂ Defined Contributory Pension Scheme" ਅਧੀਨ ਹੋਵੇਗੀ।
9. ਵਿੱਤ ਵਿਭਾਗ ਦੇ ਪੱਤਰ ਨੰ: 7/204/2012-4ਐਫ.ਪੀ.1/66, ਮਿਤੀ 15.01.2015 ਅਨੁਸਾਰ ਆਪ ਤੇ ਹੇਠ ਲਿਖੀਆਂ ਸ਼ਰਤਾਂ ਵੀ ਲਾਗੂ ਹੋਣਗੀਆਂ:-
   - (i) ਪਰਖਕਾਲ ਦੇ ਸਮੇਂ ਦੌਰਾਨ ਸਮੇਤ ਉਸ ਪਰਖ ਕਾਲ ਦੇ ਸਮੇਂ ਦੇ ਜੇਕਰ ਕੋਈ ਇਸ ਵਿੱਚ ਵਾਧਾ ਕੀਤਾ ਗਿਆ ਹੋਵੇ, ਆਪ ਨੂੰ ਬੱਝਵੀਂ ਤਨਖਾਹ (fixed emoluments) ਦਿੱਤੀ ਜਾਵੇਗੀ ਜੋ ਕਿ ਆਪ ਦੀ ਨਵੀਂ ਅਸਾਮੀ ਤੇ ਮਿਲਣ ਵਾਲੇ ਪੇ-ਬੈਂਡ ਦੇ ਘੱਟ ਤੋਂ ਘੱਟ ਤਨਖਾਹ (Minimum of the Pay Band) ਦੇ ਬਰਾਬਰ ਹੋਵੇਗੀ। ਪਰਖਕਾਲ ਦੇ ਸਮੇਂ ਦੌਰਾਨ ਗ੍ਰੇਡ-ਪੇ, ਸਲਾਨਾ ਤਰੱਕੀ ਜਾਂ ਹੋਰ ਕੋਈ ਭੱਤੇ, ਸਿਵਾਏ ਸਫਰੀ ਭੱਤੇ ਦੇ, ਮਿਲਣਯੋਗ ਨਹੀਂ ਹੋਣਗੇ।
   - (ii) ਪਰਖਕਾਲ ਦਾ ਸਮਾਂ ਸਫਲਤਾਪੂਰਵਕ ਮੁਕੰਮਲ ਹੋਣ ਤੇ ਆਪ ਨੂੰ ਇਸ ਅਸਾਮੀ ਤੇ ਮਿਲਣਯੋਗ ਪੇ ਬੈਂਡ ਦੀ ਘੱਟੋ ਘੱਟ ਤਨਖਾਹ ਤੋਂ ਸ਼ੁਰੂ ਕਰਦੇ ਹੋਏ ਪੂਰੇ ਭੱਤੇ ਮਿਲਣਯੋਗ ਹੋਣਗੇ।
   - (iii) ਪਰਖ ਕਾਲ ਦਾ ਸਮਾਂ ਅਤੇ ਜੇਕਰ ਇਸ ਸਮੇਂ ਵਿੱਚ ਕੋਈ ਵਾਧਾ ਕੀਤਾ ਗਿਆ ਹੈ ਤਾਂ ਉਹ ਵੀ ਵਿੱਚ ਪਾ ਕੇ, ਤਨਖਾਹ ਦੇ ਟਾਇਮ ਸਕੇਲ ਵਿੱਚ ਕੰਮ ਕਰਨ ਦਾ ਸਮਾਂ ਨਹੀਂ ਗਿਣਿਆ ਜਾਵੇਗਾ।
   - (iv) ਜੇਕਰ ਆਪ ਪਹਿਲਾਂ ਵੀ ਪੰਜਾਬ ਸਰਕਾਰ ਵਿੱਚ ਨੌਕਰੀ ਕਰ ਰਹੇ ਸੀ ਭਾਵ ਆਪ ਦਾ ਕਿਸੇ ਅਸਾਮੀ ਤੇ ਲੀਅਨ (Lien) ਹੈ ਤਾਂ ਆਪ ਨੂੰ ਨਵੀਂ ਅਸਾਮੀ ਦੇ ਪਰਖਕਾਲ ਸਮੇਂ ਦੌਰਾਨ ਉਸ ਪਹਿਲੀ ਅਸਾਮੀ, ਜਿਸ ਉੱਪਰ ਆਪ ਦਾ ਲੀਅਨ ਹੈ, ਵਾਲੀ ਤਨਖਾਹ ਮਿਲਣਯੋਗ ਹੋਵੇਗੀ।
   - (v) ਆਪ ਦੇ ਪਰਖਕਾਲ ਸਮੇਂ ਦੌਰਾਨ ਆਪ ਨਿਊ ਡੀਫਾਈਡ ਕੰਟਰੀਬਿਊਟਰੀ ਪੈਨਸ਼ਨ ਸਕੀਮ ਅਧੀਨ ਕਵਰ ਹੋਵੋਗੇ ਅਤੇ ਇਸ ਸਬੰਧੀ ਸਰਕਾਰ ਵੱਲੋਂ ਬਣਦਾ ਮੈਚਿੰਗ ਸ਼ੇਅਰ ਵੀ ਦਿੱਤਾ ਜਾਵੇਗਾ।

   ਉਕਤ ਸਰਤਾਂ ਵਿੱਚ ਜੇਕਰ ਵਿੱਤ ਵਿਭਾਗ ਵਲੋਂ ਕੋਈ ਸੋਧ ਕੀਤੀ ਜਾਂਦੀ ਹੈ ਤਾਂ ਇਹ ਸਰਤਾਂ ਲਾਗੂ ਸਮਝੀਆਂ ਜਾਣਗੀਆਂ।
10. ਉਪਰੋਕਤ ਤੋਂ ਇਲਾਵਾ ਵਿੱਤ ਵਿਭਾਗ ਵਲੋਂ ਜਾਰੀ ਪੱਤਰ ਨੰ: 7/204/2012-4ਐਫ.ਪੀ.1/66, ਮਿਤੀ 15.01.2015 ਦੀਆਂ ਹਦਾਇਤਾਂ ਵਿੱਚ ਗਰੇਡ ਪੇਅ ਅਤੇ ਤਨਖਾਹ ਨੂੰ ਛੱਡ ਕੇ ਵਿੱਤ ਵਿਭਾਗ ਵਲੋਂ ਤਨਖਾਹ ਸਬੰਧੀ ਜਾਰੀ ਹਦਾਇਤਾਂ ਪੱਤਰ ਨੰ: 7/42/2020-5 ਐਫ.ਪੀ.1/741-746, ਮਿਤੀ 17.07.2020 ਅਨੁਸਾਰ ਲਾਗੂ ਹੋਣਗੀਆਂ।
11. ਜੇਕਰ ਆਪ ਪਹਿਲਾਂ ਹੀ ਸਰਕਾਰ ਦੇ ਕਿਸੇ ਵਿਭਾਗ ਵਿਖੇ ਉਚੇਰੀ ਅਸਾਮੀ ਤੇ ਕੰਮ ਕਰ ਰਹੇ ਹੋ ਅਤੇ ਆਪਦੀ ਨਿਯੁਕਤੀ ਯੋਗ ਪ੍ਰਣਾਲੀ ਰਾਹੀਂ ਹੋਈ ਹੈ ਤਾਂ ਆਪ ਤੇ ਵਿੱਤ ਵਿਭਾਗ ਦੀਆਂ ਹਦਾਇਤਾਂ, ਜੋ ਕਿ ਪੱਤਰ ਨੰ: 6/89/2012-2ਐਫ.ਪੀ.2/26, ਮਿਤੀ 10-1-2013 ਰਾਹੀਂ ਜਾਰੀ ਕੀਤੀਆਂ ਗਈਆਂ ਹਨ, ਵੀ ਲਾਗੂ ਹੋਣਗੀਆਂ।

12. ਨਿਯੁਕਤੀ ਹੋਣ ਉਪਰੰਤ ਆਪ ਨੂੰ ਵਿਭਾਗੀ ਪ੍ਰੀਖਿਆ ਰੂਲਾਂ ਅਨੁਸਾਰ ਮਿੱਥੇ ਸਮੇਂ ਵਿੱਚ ਪਾਸ ਕਰਨੀ ਹੋਵੇਗੀ। ਜੇਕਰ ਮਿੱਥੇ ਸਮੇਂ ਦੌਰਾਨ ਇਹ ਪ੍ਰੀਖਿਆ ਪਾਸ ਕਰਨ ਵਿੱਚ ਨਾ-ਕਾਮਯਾਬ ਰਹਿਣ ਤੇ ਆਪ ਦੀ ਕੋਈ ਵੀ ਇੰਨਕਰੀਮੈਂਟ ਨਹੀ ਲਗਾਈ ਜਾਵੇਗੀ।

13. ਜੇਕਰ ਆਪ ਵੱਲੋਂ ਜਮ੍ਹਾਂ ਕਰਵਾਏ ਗਏ ਦਸਤਾਵੇਜ/ਸਰਟੀਫਿਕੇਟ ਵੈਰੀਫਾਈ ਕਰਵਾਉਣ ਉਪਰੰਤ ਮਾਨਤਾ ਪ੍ਰਾਪਤ ਸੰਸਥਾ ਦੇ ਸਾਬਤ ਨਹੀਂ ਹੁੰਦੇ ਜਾਂ ਜਾਅਲੀ ਸਾਬਤ ਹੁੰਦੇ ਹਨ ਤਾਂ ਆਪ ਨੂੰ ਬਿਨ੍ਹਾਂ ਕਿਸੇ ਨੋਟਿਸ ਦੇ ਨੌਕਰੀ ਤੋਂ ਕੱਢ ਦਿੱਤਾ ਜਾਵੇਗਾ ਅਤੇ ਆਪ ਵਿਰੁੱਧ ਫੌਜਦਾਰੀ ਮੁਕੱਦਮਾ ਦਾਇਰ ਕਰਨ ਲਈ ਅਗਲੇਰੀ ਕਾਰਵਾਈ ਆਰੰਭੀ ਜਾਵੇਗੀ।

14. ਆਪ ਦੇ ਵਿਆਹੇ ਹੋਣ ਦੀ ਸੂਰਤ ਵਿੱਚ ਆਪ ਦੀ ਇੱਕ ਤੋਂ ਵੱਧ ਪਤਨੀ/ਪਤੀ ਨਹੀਂ ਹੋਣਾ ਚਾਹੀਂਦਾ ਅਤੇ ਜੁਆਇੰਨ ਕਰਨ ਸਮੇਂ ਇਸ ਸਬੰਧ ਵਿੱਚ ਆਪ ਨੂੰ ਸਬੂਤ ਵਜੋਂ ਤਸਦੀਕਸ਼ੁਦਾ ਹਲਫੀਆ ਬਿਆਨ ਦੇਣਾ ਹੋਵੇਗਾ।

15. ਆਪ ਨੂੰ ਹਾਜਰੀ ਸਮੇਂ ਇਹ ਹਲਫੀਆ ਬਿਆਨ ਦੇਣਾ ਪਵੇਗਾ ਕਿ ਆਪ ਨੂੰ ਕਦੇ ਵੀ ਕਿਸੇ ਫੌਜਦਾਰੀ ਕੇਸ ਵਿੱਚ ਸਜ਼ਾ ਨਹੀਂ ਹੋਈ ਅਤੇ ਨਾ ਹੀ ਕਦੇ ਕਿਸੇ ਰਾਜ ਸਰਕਾਰ, ਭਾਰਤ ਸਰਕਾਰ ਜਾਂ ਕਿਸੇ ਪਬਲਿਕ ਸੈਕਟਰ ਅੰਡਰਟੇਕਿੰਗ ਵੱਲੋਂ ਆਪ ਦੀਆਂ ਸੇਵਾਵਾਂ ਡਿਸਮਿਸ ਜਾਂ ਬਰਖਾਸਤ ਕੀਤੀਆਂ ਗਈਆਂ ਹਨ।

16. ਜੇਕਰ ਆਪ ਪਹਿਲਾਂ ਹੀ ਸਰਕਾਰੀ ਸੇਵਾ ਵਿੱਚ ਹੋ ਤਾਂ ਆਪ ਸਬੰਧਤ ਵਿਭਾਗ/ਦਫਤਰ ਵੱਲੋਂ ਬਕਾਇਦਾ ਤੌਰ ਤੇ ਫਾਰਗ ਹੋ ਕੇ ਹੀ ਆਪਣੀ ਹਾਜਰੀ ਰਿਪੋਰਟ ਪੇਸ਼ ਕਰੋਗੇ।

17. ਜਿਹੜੇ ਉਮੀਦਵਾਰ ਕਿਸੇ ਹੋਰ ਸਰਕਾਰੀ ਵਿਭਾਗ ਵਿੱਚ ਨਿਯੁਕਤ ਹੋਣ ਉਨ੍ਹਾਂ ਨੂੰ ਹਾਜ਼ਰ ਕਰਵਾਉਣ ਤੋਂ ਪਹਿਲਾਂ ਉਨ੍ਹਾਂ ਨੂੰ ਆਪਣੇ ਪਿਤਰੀ ਵਿਭਾਗ ਵਿਖੇ ਹਾਜ਼ਰ ਹੋਣ ਵੇਲੇ ਪਹਿਲਾਂ ਕਰਵਾਏ ਚਲ-ਚਲਣ ਅਤੇ ਮੈਡੀਕਲ ਫਿੱਟਨੈਸ ਸਬੰਧੀ ਦਸਤਾਵੇਜ਼ ਆਪਣੀ ਹਾਜ਼ਰੀ ਰਿਪੋਰਟ ਦੇਣ ਸਮੇਂ ਪੇਸ਼ ਕਰਨੇ ਹੋਣਗੇ।

18. ਇਸ ਨਿਯੁਕਤੀ ਪੱਤਰ ਵਿੱਚ ਜੇਕਰ ਕਿਸੇ ਸਮੇਂ ਕੋਈ ਸੋਧ ਕਰਨ ਦੀ ਜਰੂਰਤ ਪੈਂਦੀ ਹੈ ਤਾਂ ਇਸ ਲਈ ਸਰਕਾਰ ਦੇ ਹੱਕ ਰਾਖਵੇਂ ਹੋਣਗੇ।

19. ਆਪ ਨੂੰ ਸਰਕਾਰੀ ਨੌਕਰੀ ਲਈ ਸਰੀਰਕ ਤੌਰ ਤੇ ਯੋਗ ਹੋਣ ਸਬੰਧੀ ਸਬੰਧਤ ਪ੍ਰਮੁੱਖ ਮੈਡੀਕਲ ਅਫਸਰ/ਸਿਵਲ ਸਰਜਨ ਦੁਆਰਾ ਜਾਰੀ ਕੀਤਾ ਗਿਆ ਫਿਟਨੈਸ ਸਰਟੀਫਿਕੇਟ, ਨੌਕਰੀ ਤੇ ਹਾਜ਼ਰ ਹੋਣ ਤੋਂ ਪਹਿਲਾਂ ਪੇਸ਼ ਕਰਨਾ ਪਵੇਗਾ।

20. ਜੇਕਰ ਤੁਸੀਂ ਉਪਰੋਕਤ ਸ਼ਰਤਾਂ ਦੇ ਆਧਾਰ ਤੇ ਨਿਯੁਕਤੀ ਮੰਨਜ਼ੂਰ ਕਰਨਾ ਚਾਹੁੰਦੇ ਹੋ ਤਾਂ ਤੁਸੀਂ ਆਪਣੀ ਸਹਿਮਤੀ 25/- ਦੇ ਅਸ਼ਟਾਮ ਪੇਪਰ ਉੱਤੇ ਇਕਰਾਰਨਾਮਾ ਤਿਆਰ ਕਰਕੇ ਸਮੇਤ ਪ੍ਰਮੁੱਖ ਮੈਡੀਕਲ ਅਫਸਰ/ਸਿਵਲ ਸਰਜਨ ਦੁਆਰਾ ਜਾਰੀ ਕੀਤਾ ਗਿਆ ਫਿਟਨੈਸ ਸਰਟੀਫਿਕੇਟ ਚੀਫ ਇੰਜੀਨੀਅਰ/ਹੈਡਕੁਆਟਰ, ਜਲ ਸਰੋਤ ਵਿਭਾਗ, ਪੰਜਾਬ, ਹਾਈਡਲ ਬਿਲਡਿੰਗ ਸੈਕਟਰ-18, ਚੰਡੀਗੜ੍ਹ ਨੂੰ ਸਿੱਧੇ ਤੌਰ ਤੇ ਪੇਸ਼ ਹੋ ਕੇ ਇਸ ਪੱਤਰ ਦੇ ਜਾਰੀ ਹੋਣ ਦੀ ਮਿਤੀ ਤੋਂ 15 ਦਿਨਾਂ ਦੇ ਅੰਦਰ ਅੰਦਰ ਉਨ੍ਹਾਂ ਦੇ ਸਾਹਮਣੇ ਆਪਣੀ ਹਾਜ਼ਰੀ ਰਿਪੋਰਟ ਪੇਸ਼ ਕਰੋ, ਨਹੀਂ ਤਾਂ ਇਹ ਪੇਸ਼ਕਸ਼ ਰੱਦ ਮੰਨੀ ਜਾਵੇਗੀ।

21. ਇਹ ਨਿਯੁਕਤੀ ਸਮਰੱਥ ਅਧਿਕਾਰੀ ਤੋਂ ਪੁਲਿਸ ਵੈਰੀਫਿਕੇਸਨ ਦੀ ਦਰੁੱਸਤ ਰਿਪੋਰਟ ਦੇ ਅਧਾਰ ਤੇ ਹੋਵੇਗੀ। ਜੇਕਰ ਆਪ ਦੀ ਵੈਰੀਫਿਕੇਸਨ ਦਰੁੱਸਤ ਨਹੀਂ ਪਾਈ ਜਾਂਦੀ ਹੈ ਤਾਂ ਆਪ ਦੀ ਸੇਵਾਵਾਂ ਬਿਨ੍ਹਾਂ ਕਿਸੇ ਨੋਟਿਸ ਦੇ ਖਤਮ ਕਰ ਦਿੱਤੀਆਂ ਜਾਣਗੀਆਂ।

ਮਿਤੀ, ਚੰਡੀਗੜ੍ਹ:
**19.05.2022**

**ਕ੍ਰਿਸ਼ਨ ਕੁਮਾਰ, ਆਈ.ਏ.ਐਸ**
**ਪ੍ਰਮੁੱਖ ਸਕੱਤਰ, ਪੰਜਾਬ ਸਰਕਾਰ**
**ਜਲ ਸਰੋਤ, ਵਿਭਾਗ।**

ਪਿੱਠ.ਅੰਕਣ.ਨੰ: **11-HQ/238/2022-2IP3/1/363638/2022/1** ਮਿਤੀ, ਚੰਡੀਗੜ੍ਹ:20.05.2022

ਇਸ ਦੀ ਇੱਕ ਕਾਪੀ ਮੁੱਖ ਇੰਜੀਨੀਅਰ (ਹੈਡਕੁਆਰਟਰ), ਜਲ ਸਰੋਤ ਵਿਭਾਗ, ਪੰਜਾਬ, ਚੰਡੀਗੜ੍ਹ ਨੂੰ ਰਜਿਸਟਰਾਰ, ਪੰਜਾਬ ਪਬਲਿਕ ਸਰਵਿਸ ਕਮਿਸ਼ਨ, ਪਟਿਆਲਾ ਵੱਲੋਂ ਪ੍ਰਾਪਤ ਹੋਏ ਬਿਨੈ-ਪੱਤਰ ਫਾਰਮ ਅਤੇ ਹੋਰ ਦਸਤਾਵੇਜ਼ ਅਸਲ ਰੂਪ ਵਿੱਚ ਜ਼ਰੂਰੀ ਲੋੜੀਂਦੀ ਕਾਰਵਾਈ ਹਿੱਤ ਭੇਜੇ ਜਾਂਦੇ ਹਨ। ਇਹਨਾਂ ਉਮੀਦਵਾਰਾਂ ਦੇ ਅਸਲੀ ਦਸਤਾਵੇਜ਼ਾ ਦੀ ਪੜਤਾਲ, ਮੈਡੀਕਲ ਅਤੇ ਪੁਲਿਸ ਵੈਰੀਫਿਕੇਸ਼ਨ ਕਰਵਾਈ ਜਾਵੇ।

**ਅਧੀਨ ਸਕੱਤਰ, ਜਲ ਸਰੋਤ**

ਪਿੱਠ.ਅੰਕਣ.ਨੰ: **11-HQ/238/2022-2IP3/1/363638/2022/2** ਮਿਤੀ, ਚੰਡੀਗੜ੍ਹ:20.05.2022

ਇਕ ਉਤਾਰਾ ਸਬੰਧਤ ਜ਼ਿਲ੍ਹਾ, ਮੈਜਿਸਟ੍ਰੇਟ-ਕਮ-ਡਿਪਟੀ ਕਮਿਸ਼ਨਰ, ਪੰਜਾਬ ਨੂੰ ਭੇਜਕੇ ਬੇਨਤੀ ਕੀਤੀ ਜਾਂਦੀ ਹੈ ਕਿ ਇਹਨਾਂ ਉਮੀਦਵਾਰਾਂ ਦੀ ਪੁਲਿਸ ਵੈਰੀਫਿਕੇਸ਼ਨ ਰਿਪੋਰਟ 15 ਦਿਨਾਂ ਦੇ ਅੰਦਰ-ਅੰਦਰ ਮੁੱਖ ਇੰਜੀਨੀਅਰ/ਜਲ ਨਿਕਾਸ, ਸਿੰਚਾਈ ਵਿਭਾਗ, ਹਾਈਡਲ ਬਿਲਡਿੰਗ ਸੈਕਟਰ-18, ਚੰਡੀਗੜ੍ਹ ਨੂੰ ਭੇਜੀ ਜਾਵੇ।

**ਅਧੀਨ ਸਕੱਤਰ ਜਲ ਸਰੋਤ**

ਪਿੱਠ.ਅੰਕਣ.ਨੰ: **11-HQ/238/2022-2IP3/1/363638/2022/3** ਮਿਤੀ, ਚੰਡੀਗੜ੍ਹ:20.05.2022

ਇਸ ਦਾ ਇੱਕ ਉਤਾਰਾ ਪੰਜਾਬ ਰਾਜ/ਯੂ.ਟੀ. ਦੇ ਸਬੰਧਤ ਪ੍ਰਮੁੱਖ ਮੈਡੀਕਲ ਅਫਸਰ/ਸਿਵਲ ਸਰਜਨ ਨੂੰ ਭੇਜਦੇ ਹੋਏ ਬੇਨਤੀ ਕੀਤੀ ਜਾਂਦੀ ਹੈ ਕਿ ਸਬੰਧਤ ਉਮੀਦਵਾਰ ਦਾ ਨੌਕਰੀ ਤੇ ਹਾਜ਼ਰ ਹੋਣ ਤੋਂ ਪਹਿਲਾਂ, ਲੋੜੀਦਾਂ ਫਿਟਨੈਸ ਸਰਟੀਫਿਕੇਟ ਜਾਰੀ ਕਰਨ ਦੀ ਖੇਚਲ ਕੀਤੀ ਜਾਵੇ।

**ਅਧੀਨ ਸਕੱਤਰ ਜਲ ਸਰੋਤ**

ਪਿੰਠ ਅੰਕਣ ਨੰਬਰ:-2189-2201/2ਨਗਅ-1/2022 ਮਿਤੀ: 01/06/2022

ਉਪਰੋਕਤ ਦਾ ਉਤਾਰਾ ਹੇਠ ਲਿਖਿਆ ਨੂੰ ਸੂਚਨਾ ਅਤੇ ਅਗਲੇਰੀ ਯੋਗ ਕਾਰਵਾਈ ਹਿੱਤ ਭੇਜੀਆਂ ਜਾਂਦਾ ਹੈ:-

1. ਮੁੱਖ ਇੰਜੀਨੀਅਰ, ਡਰੇਨੇਜ -ਕਮ-ਮਾਈਨਿੰਗ ਅਤੇ ਜਿਓਲੋਜੀ-1, ਜਲ ਸਰੋਤ ਵਿਭਾਗ, ਪੰਜਾਬ, ਚੰਡੀਗੜ੍ਹ।
2. ਮੁੱਖ ਇੰਜੀਨੀਅਰ, ਡਰੇਨੇਜ -ਕਮ-ਮਾਈਨਿੰਗ ਅਤੇ ਜਿਓਲੋਜੀ-2, ਜਲ ਸਰੋਤ ਵਿਭਾਗ, ਪੰਜਾਬ, ਚੰਡੀਗੜ੍ਹ।
3. ਨਿਗਰਾਨ ਇੰਜੀਨੀਅਰ, ਜਲ ਨਿਕਾਸ-ਕਮ-ਮਾਈਨਿੰਗ ਸਰਕਲ, ਪਟਿਆਲਾ ।
4. ਨਿਗਰਾਨ ਇੰਜੀਨੀਅਰ, ਜਲ ਨਿਕਾਸ-ਕਮ-ਮਾਈਨਿੰਗ ਸਰਕਲ, ਅੰਮ੍ਰਿਤਸਰ ।
5. ਨਿਗਰਾਨ ਇੰਜੀਨੀਅਰ, ਜਲ ਨਿਕਾਸ-ਕਮ-ਮਾਈਨਿੰਗ ਸਰਕਲ, ਜਲੰਧਰ ।
6. ਨਿਗਰਾਨ ਇੰਜੀਨੀਅਰ, ਜਲ ਨਿਕਾਸ-ਕਮ-ਮਾਈਨਿੰਗ ਸਰਕਲ, ਫਿਰੋਜਪੁਰ।
7. ਕਾਰਜਕਾਰੀ ਇੰਜਨੀਅਰ, ਜਲ ਨਿਕਾਸ-ਕਮ-ਮਾਈਨਿੰਗ ਮੰਡਲ, ਰੋਪੜ ।
8. ਕਾਰਜਕਾਰੀ ਇੰਜਨੀਅਰ, ਜਲ ਨਿਕਾਸ-ਕਮ-ਮਾਈਨਿੰਗ ਮੰਡਲ, ਗੁਰਦਾਸਪੁਰ ।
9. ਕਾਰਜਕਾਰੀ ਇੰਜਨੀਅਰ, ਜਲ ਨਿਕਾਸ-ਕਮ-ਮਾਈਨਿੰਗ ਮੰਡਲ, ਫਗਵਾੜਾ ।
10. ਕਾਰਜਕਾਰੀ ਇੰਜਨੀਅਰ, ਜਲ ਨਿਕਾਸ-ਕਮ-ਮਾਈਨਿੰਗ ਮੰਡਲ, ਹੁਸ਼ਿਆਰਪੁਰ ।
11. ਕਾਰਜਕਾਰੀ ਇੰਜਨੀਅਰ, ਜਲ ਨਿਕਾਸ-ਕਮ-ਮਾਈਨਿੰਗ ਮੰਡਲ, ਲੁਧਿਆਣਾ ।
12. ਕੰਪਿਊਟਰ ਸੈਲ, ਜਲ ਸਰੋਤ, ਵਿਭਾਗ, ਪੰਜਾਬ, ਚੰਡੀਗੜ੍ਹ।

ਇਨ੍ਹਾ ਕਰਮਚਾਰੀਆਂ ਨੂੰ ਜੁਆਇੰਨ ਕਰਵਾਉਣ ਉਪਰੰਤ ਇਨ੍ਹਾ ਦੀ ਪੁਲਿਸ ਵੈਰੀਫਿਕੇਸ਼ਨ, ਮੈਡੀਕਲ ਅਤੇ ਵਿਦਿਅਕ ਯੋਗਤਾ ਸਬੰਧੀ ਸਰਟੀਫਿਕੇਟ ਸਬੰਧਤ ਸੰਸਥਾਵਾ ਤੋਂ ਵੈਰੀਵਾਈ ਕਰਵਾਉਣ ਉਪਰੰਤ ਇਨ੍ਹਾਂ ਦੀ ਤਸਦੀਕ ਸ਼ੁਦਾ ਕਾਪੀਆਂ 15 ਦਿਨਾਂ ਦੇ ਅੰਦਰ-ਅੰਦਰ ਇਸ ਦਫਤਰ ਨੂੰ ਭੇਜੀਆ ਜਾਣ ।

ਸੁਪਰਡੰਟ/ਨਗਅ-1 ਸ਼ਾਖਾ,
ਵਾ. ਮੁੱਖ ਇੰਜੀਨੀਅਰ/ਹੈੱਡਕੁਆਟਰ
ਜਲ ਸਰੋਤ ਵਿਭਾਗ, ਪੰਜਾਬ
ਚੰਡੀਗੜ੍ਹ। 01/6/2022

ਪਿੰਠ ਅੰਕਣ ਨੰਬਰ:- 2202 /2ਨਗਅ-1/2022 ਮਿਤੀ: 01/06/2022

ਉਪਰੋਕਤ ਦਾ ਉਤਾਰਾ ਪ੍ਰਮੁੱਖ ਸਕੱਤਰ, ਜਲ ਸਰੋਤ ਵਿਭਾਗ ( ਸਿੰਚਾਈ ਪ੍ਰਸੋਨਲ -3 ਸ਼ਾਖਾ ), ਪੰਜਾਬ, ਚੰਡੀਗੜ੍ਹ ਨੂੰ ਉਨ੍ਹਾ ਦੇ ਪਿੰਠ ਅੰਕਣ ਨੰਬਰ 11-HQ/238/2022-2IP3/1/363638/2022/1 ਮਿਤੀ 20.05.2022 ਦੇ ਹਵਾਲੇ ਵਿੱਚ ਸੂਚਨਾ ਹਿੱਤ।

ਸੁਪਰਡੰਟ/ਨਗਅ-1 ਸ਼ਾਖਾ,
ਵਾ. ਮੁੱਖ ਇੰਜੀਨੀਅਰ/ਹੈੱਡਕੁਆਟਰ
ਜਲ ਸਰੋਤ ਵਿਭਾਗ, ਪੰਜਾਬ
ਚੰਡੀਗੜ੍ਹ।